ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ, ਐਸ.ਏ.ਐਸ.ਨਗਰ
(ਵਜੀਫਾ ਸਾਖਾ)

ਸਮੂਹ ਮੰਡਲ ਸਿੱਖਿਆ ਅਫਸਰ(ਸੈ:ਸਿ:)
ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ:ਸਿ:)
ਸਮੂਹ ਜਿਲ੍ਹਾ ਸਿੱਖਿਆ ਅਫਸਰ(ਐ:ਸਿ:)
ਸਮੂਹ ਸਕੂਲ ਮੁੱਖੀ।

ਮੀਮੋ ਨੰ: 7/1-15 ਵਜੀਫਾ(6)
ਮਿਤੀ ਐਸ.ਏ.ਐਸ ਨਗਰ: 27-5-15

ਵਿਸਾ- ਪ੍ਰੀ- ਮੈਟ੍ਰਿਕ ਸਕਾਲਰਸਿਪ ਸਕੀਮ ਫਾਰ ਮਨਿਓਰਟੀ ਸਟੂਡੈਂਟਸ ਸਾਲ 2015-16

ਉਪਰੋਕਤ ਦੇ ਸਬੰਧ ਵਿੱਚ ਪੰਜਾਬ ਸਰਕਾਰ, ਭਲਾਈ ਵਿਭਾਗ ਐਸ.ਸੀ/ਬੀ.ਸੀ ਦੇ ਮਨਿਓਰਿਟੀ ਵਿੰਗ ਵੱਲੋਂ ਪ੍ਰਾਪਤ ਪੱਤਰ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਆਪ ਆਪਣੇ ਜਿਲ੍ਹੇ ਦੇ ਸਰਕਾਰੀ/ ਏਡਿਡ ਸਕੂਲ/ਪ੍ਰਾਈਵੇਟ ਸਕੂਲ ਜੋ ਕਿਸੇ ਵੀ ਬੋਰਡ ਤੋਂ ਮਾਨਤਾ ਪ੍ਰਾਪਤ ਹੋਣ (PSEB, CBSE, ICSE) ਤੋਂ ਭਲਾਈ ਵਿਭਾਗ ਵੱਲੋਂ ਲਾਗੂ ਕੀਤੀ ਜਾ ਰਹੀ ਘੱਟ ਗਿਣਤੀ ਵਰਗ (Sikhs, Muslims, Christians, Buddhists, Parsis & Jains) ਲਈ ਪ੍ਰੀ-ਮੈਟ੍ਰਿਕ ਸਕਾਲਰਸਿਪ ਸਕੀਮ (ਪਹਿਲੀ ਤੋਂ ਦਸਵੀਂ ਤੱਕ) ਲਈ ਹੇਠ ਲਿਖੀਆਂ ਹਦਾਇਤਾਂ ਅਨੁਸਾਰ ਤਜਵੀਜ ਦੀ ਮੰਗ ਕੀਤੀ ਜਾਵੇ:-

1. ਇਸ ਸਕੀਮ ਅਧੀਨ ਪਹਿਲੀ ਜਮਾਤ ਤੋਂ ਅੱਠਵੀਂ ਜਮਾਤ ਦੇ ਬੱਚਿਆਂ ਦਾ ਡਾਟਾ 25 ਕਾਲਮਾਂ ਦੇ ਪ੍ਰੋਫਾਰਮੇ (ਕਾਪੀ ਨੱਥੀ) ਵਿੱਚ ਸੰਕਲਤ ਕਰਕੇ ਐਪਲੀਕੇਸਨ ਫਾਰਮ ਨਾਲ ਪ੍ਰਾਪਤ ਕੀਤਾ ਜਾਣਾ ਹੈ। ਸਬੰਧਤ ਜਿਲ੍ਹੇ ਇਸ ਪ੍ਰੋਫਾਰਮੇ ਵਿੱਚ ਆਪਣੇ ਜਿਲ੍ਹੇ ਦੀ ਰਿਪੋਰਟ ਮਨਿਓਰਿਟੀ ਸਾਖਾ ਦੀ ਈ-ਮੇਲ ਆਈ.ਡੀ ( pmsminorityaffairspunjab@gmail.com ) ਤੇ ਭਾਰਤ ਸਰਕਾਰ ਵੱਲੋਂ ਨਿਰਧਾਰਤ ਕੀਤੇ ਸਮੇਂ ਮਿਤੀ 31-07-2015 ਤੱਕ ਭੇਜਿਆ ਜਾਵੇ।
2. ਸਬੰਧਤ ਜਿਲ੍ਹਾ ਸਿੱਖਿਆ ਅਫਸਰ ਸਾਰੇ ਸਕੂਲਾਂ ਤੋਂ ਤਜਵੀਜ ਪ੍ਰਾਪਤ ਕਰਨ ਉਪਰੰਤ ਸੰਕਲਿਤ ਸੂਚਨਾ ਇਕੱਤਰ ਕਰਕੇ ਇਸ ਦੀ ਸਾਫਟ ਕਾਪੀ ਡਾਇਰੈਕਟਰ, ਭਲਾਈ ਵਿਭਾਗ ਐਸ.ਸੀ/ਬੀ.ਸੀ ( ਮਨਿਓਰਿਟੀ ਸਾਖਾ), ਪੰਜਾਬ ਨੂੰ ਨਾਲ ਨੱਥੀ ਪ੍ਰੋਫਾਰਮੇ ਅਨੁਸਾਰ ਮਿਤੀ 31-07-2015 ਤੱਕ ਭੇਜਣਗੇ।

ਨੋਟ:- (i) ਕੋਈ ਵੀ ਤਜਵੀਜ/ਐਪਲੀਕੇਸਨ, ਵਿਦਿਆਰਥੀ/ਮਾਪਿਆਂ/ਇਨਸਟੀਚਿਊਟ ਤੋਂ ਸਿੱਧੇ ਨਹੀਂ ਲਈ ਜਾਵੇਗੀ ਅਤੇ ਉਸਨੂੰ ਰਿਜੈਕਟ ਸਮਝਿਆ ਜਾਵੇਗਾ।

(ii) ਭਾਰਤ ਸਰਕਾਰ ਦਾ ਪੋਰਟਲ ਓਪਨ ਨਾ ਹੋਣ ਕਾਰਨ ਫਿਲਹਾਲ ਸਕੂਲ ਆਪਣੇ ਪੱਧਰ ਤੇ 9ਵੀਂ ਅਤੇ 10ਵੀਂ ਜਮਾਤ ਦਾ ਡਾਟਾ ਨੱਥੀ ਪ੍ਰਫਾਰਮੇ ਅਨੁਸਾਰ ਇਕੱਤਰ ਕਰ ਲੈਣ।

3. ਸਕੀਮ ਦੀ ਹਦਾਇਤਾਂ ਅਨੁਸਾਰ ਵਿਦਿਆਰਥੀ ਦੀ ਯੋਗਤਾਵਾਂ ਸਬੰਧੀ ਸਾਰੇ ਵੇਰਵੇ ਸਕੂਲ/ਸੰਸਥਾ ਦੇ ਮੁੱਖੀ ਵੱਲੋਂ ਘੋਖਿਆ ਅਤੇ ਤਸਦੀਕ ਕੀਤਾ ਜਾਵੇ ਅਤੇ ਸਕੂਲ ਮੁੱਖੀ ਵੱਲੋਂ ਤਸਦੀਕ ਕੀਤਾ ਜਾਵੇ ਕਿ ਸਕੀਮ ਅਧੀਨ ਕੋਈ ਵੀ ਯੋਗ ਵਿਦਿਆਰਥੀ ਤਜਵੀਜ ਪਾਉਣ ਲਈ ਬਾਕੀ ਨਹੀਂ ਹੈ।

ਇਸ ਸਕੀਮ ਅਧੀਨ ਪਹਿਲੀ ਤੋਂ ਦਸਵੀਂ ਕਲਾਸ ਦੇ ਵਿਦਿਆਰਥੀਆਂ ਨੂੰ ਸਕਾਲਰਸਿਪ ਦੀ ਰਾਸੀ ਡਾਇਰੈਕਟ ਬੈਨੀਫਿਟ ਟਰਾਂਸਫਰ (ਡੀ.ਬੀ.ਟੀ) ਰਾਹੀਂ ਵਿਦਿਆਰਥੀ ਦੇ ਆਧਾਰ ਲਿੰਕਡ ਬੈਂਕ ਖਾਤਿਆਂ ਵਿੱਚ ਕੀਤੀ ਜਾਣੀ ਹੈ।

ਨੋਟ:- ਵਿਦਿਆਰਥੀਆਂ ਵੱਲੋਂ ਕਲੇਮ ਭਰਨ ਸਮੇਂ ਘੱਟ ਗਿਣਤੀ ਵਰਗ ( Minority Communities) ਨਾਲ ਸਬੰਧ ਰੱਖਦਾ ਹੈ ਅਤੇ ਹਦਾਇਤਾਂ ਅਨੁਸਾਰ ਉਸ ਦੇ ਮਾਪਿਆਂ ਦੀ ਸਲਾਨਾ ਆਮਦਨ ਹੱਦ, ਦੇ ਸਬੰਧ ਵਿੱਚ ਸਵੈ-ਘੋਸਣਾ ਲਿਆ ਜਾਵੇ। ਜੇਕਰ ਕਿਸੇ ਕੇਸ ਵਿੱਚ ਵਿਦਿਆਰਥੀਆਂ ਦੇ ਨਾਮ ਤੋਂ ਦੱਸੀ ਗਈ ਕਮਿਊਨਟੀ ਨਾਲ ਮੇਲ ਨਹੀ ਕਰਦਾ ਜਾਂ ਪਿਤਾ ਦੇ ਨਾਮ ਵਿੱਚ ਤਸਦੀਕ ਕਰਤਾ ਨੂੰ ਕਿਸੇ ਤਰ੍ਹਾਂ ਦੀ ਕੋਈ Query ਲਗਦੀ ਹੈ ਤਾਂ ਵਿਦਿਆਰਥੀਆਂ ਤੋਂ Baptism Certificate ਲੈ ਲਿਆ ਜਾਵੇ।

Eligibility Conditions to apply:-

1. ਵਿਦਿਆਰਥੀ ਜਿਸ ਦੇ ਪਿਛਲੀ ਜਮਾਤ ਦੀ ਪ੍ਰੀਖਿਆ ਵਿੱਚ 50% ਤੋਂ ਘੱਟ ਨੰਬਰ ਨਾ ਹੋਣ।
2. ਵਿਦਿਆਰਥੀ ਜਿਸ ਦੇ ਮਾਪਿਆਂ ਦੀ ਸਾਲਾਨਾ ਆਮਦਨ (ਸਾਰੇ ਸ੍ਰੋਤਾਂ ਤੋਂ )ਇੱਕ ਲੱਖ ਤੋਂ ਵੱਧ ਨਹੀਂ ਹੋਣੀ ਚਾਹੀਦੀ।
3. ਵਿਦਿਆਰਥੀ ਜੋ ਇਸ ਸਕੀਮ ਤਹਿਤ ਲਾਭ ਲੈ ਰਹੇ ਹਨ ਉਹ ਕਿਸੇ ਹੋਰ ਸਕੀਮ ਤਹਿਤ ਲਾਭ ਨਹੀਂ ਲੈ ਸਕਦਾ।
4. ਇਹ ਵਜੀਫਾ ਮਾਪਿਆਂ ਦੇ ਦੋ ਬੱਚਿਆਂ ਤੋਂ ਵੱਧ ਨੂੰ ਨਹੀਂ ਮਿਲੇਗਾ।
5. ਵਿਦਿਆਰਥੀ/ਮਾਪੇ/ਸਰਪਰਸਤ ਪੰਜਾਬ ਰਾਜ ਦੇ ਵਸਨੀਕ ਹੋਣ।
6. ਵਿਦਿਆਰਥੀ ਦੀ ਹਾਜਰੀ ਨਿਯਮਿਤ ਹੋਣੀ ਚਾਹੀਦੀ ਹੈ।

Rate of Scholarship:-

| S.No. | Item | Hostellers | Day Scholars |
|---|---|---|---|
| 1. | Admission fee from classs $6^{th}$ to $10^{th}$ | Rs. 500/- per annum subject to actuals. | Rs. 500/- per annum subject to actuals. |
| 2. | Tution feee from class $6^{th}$ to $10^{th}$ | Rs. 350/- per month subject to actuals. | Rs. 350/- per month subject to actuals. |
| 3. | Maintenance allowance will be payable for a period not exceeding 10 months in an academic year | | |
| | (i)Classes $1^{st}$ to $5^{th}$ | Nil | Rs. 100/- per month |
| | (ii) Classes $6^{th}$ to $10^{th}$ | Rs. 600/- per month subject to actuals | Rs. 100/- per month |

ਨੋਟ: ਲੜੀ ਨੰ: 1 ਅਤੇ 2 ਅਨੁਸਾਰ ਜੇਕਰ ਵਿਦਿਆਰਥੀ ਐਡਮਿਸ਼ਨ ਫੀਸ ਅਤੇ ਟਿਊਸ਼ਨ ਫੀਸ ਦੇ ਰਿਹਾ ਹੈ ਤਾਂ ਹੀ ਪ੍ਰੋਫਾਰਮੇ ਦੇ ਕਾਲਮ ਵਿੱਚ ਕਲੇਮ ਲਈ ਭਰਿਆ ਜਾਵੇ।

Application format ਅਤੇ ਹੋਰ ਸਬੰਧਤ ਜਾਣਕਾਰੀ ਲਈ:-

Login :- website:- www. minorityaffairs.gov.in

E-mail:- ਸਕੂਲਾਂ ਦੀ ਰਜਿਸਟਰੇਸ਼ਨ ਅਤੇ ਇਸ ਸਬੰਧੀ ਜਾਣਕਾਰੀ ਲਈ:-

pmsminorityaffairspunjab@gmail.com

3. For Queries Call on Toll free no.:- 1800-137-0015.

ਨੱਥੀ: ਪ੍ਰੋਫਾਰਮਾ

27/5/15

ਵਿਸ਼ੇਸ਼ ਕਾਰਜ ਅਫਸਰ(ਵਜੀਫਾ)

ਪਿੱਠ ਅੰਕਣ ਨੰ: ਉਕਤ | ਮਿਤੀ:ਉਕਤ

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਨਿੱਜੀ ਸਕੱਤਰ/ ਮਾਣਯੋਗ ਸਿੱਖਿਆ ਮੰਤਰੀ ਜੀ, ਪੰਜਾਬ।
2. ਲੋਕ ਸੰਪਰਕ ਅਫਸਰ/ਮਾਣਯੋਗ ਸਿੱਖਿਆ ਮੰਤਰੀ ਜੀ, ਨੂੰ ਭੇਜ ਕੇ ਅਗਲੇਰੀ ਯੋਗ ਕਾਰਵਾਈ ਕਰਨ ਹਿੱਤ।
3. ਨਿੱਜੀ ਸਕੱਤਰ/ਪ੍ਰਮੁੱਖ ਸਕੱਤਰ ਸਕੂਲ ਸਿੱਖਿਆ ਨੂੰ ਸੂਚਨਾ ਹਿੱਤ ਜੀ।
4. ਪੀ.ਏ/ਡੀ.ਜੀ.ਐਸ.ਈ ਜੀ ਨੂੰ ਸੂਚਨਾ ਹਿੱਤ ਜੀ।
5. ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਜਿਲ੍ਹੇ ਵਿੱਚ ਤੁਰੰਤ ਪਬਲਿਕ ਨੋਟਿਸ ਦੇਣ ਲਈ ਭੇਜਿਆ ਜਾਂਦਾ ਹੈ।

ਵਿਸ਼ੇਸ਼ ਕਾਰਜ ਅਫਸਰ(ਵਜੀਫਾ)